[This question paper contains 2 printed pages.]

**Your Roll No...............**

**J**

| | | |
|---|---|---|
| **Sr. No. of Question Paper** | : | **4844** |
| Unique Paper Code | : | 2125001203 |
| Name of the Paper | : | Desh Vand Di Punjabi Kavita General Elective (GE) |
| Name of the Course | : | **Common Prog Group** |
| Semester | : | IV |

Duration : 3 Hours — Maximum Marks : 90

**Instructions for Candidates**

1. Write your Roll No. on the top immediately on receipt of this question paper.

ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।

ਭਾਗ ਪਹਿਲਾ

1. ਦੇਸ਼ ਵੰਡ ਦੇ ਰਾਜਨੀਤਕ ਪ੍ਰਭਾਵ ਬਾਰੇ ਵਿਸਤਾਰ ਸਹਿਤ ਚਾਨਣਾ ਪਾਓ। (15)

ਜਾਂ

ਦੇਸ਼ ਵੰਡ ਨਾਲ ਪਏ ਸਮਾਜਕ ਅਤੇ ਆਰਥਿਕ ਪ੍ਰਭਾਵਾਂ ਉੱਪਰ ਚਰਚਾ ਕਰੋ।

ਭਾਗ ਦੂਸਰਾ

2. 'ਆਖਾਂ ਵਾਰਿਸ ਸ਼ਾਹ ਨੂੰ' ਕਵਿਤਾ ਦਾ ਵਿਸ਼ਾ-ਵਸਤੂ ਤੇ ਕੇਂਦਰੀ ਭਾਵ ਲਿਖੋ। (15)

ਜਾਂ

'5 ਬੰਦ' ਕਵਿਤਾ ਦਾ ਆਲੋਚਨਾਤਮਕ ਪੱਖ ਲਿਖੋ।

3. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (10)

ੳ) ਬੰਦ ਬੰਦ ਗੁਲਾਮੀ ਦੇ ਨਾਲ ਬੱਝਾ
ਬੰਦੀਵਾਨ, ਬੰਦ ਰਾਜ਼ ਦਾ ਖੋਲਹ੍ਣਾ ਬੰਦ।
ਹੈ ਸ਼ਾਹ ਅੰਗਰੇਜ਼ ਦੀ ਸ਼ਾਹੀ ਅੰਦਰ,
ਕਹਿਣਾ ਹੱਕ ਤੇ ਹੱਕ ਟਟੋਲਣਾ ਬੰਦ।
ਜਜ਼ਬਾ ਦਿਲ ਦਾ ਦਿਲ 'ਚ ਜਜ਼ਬ ਹੋਇਆ
ਹੁਣ ਤੇ ਹੋਇਆ ਜ਼ੁਬਾਨ ਤੋਂ ਬੋਲਣਾ ਬੰਦ।
ਹੈ ਸ਼ਾਹ ਅੰਗਰੇਜ਼ ਦੀ ਸ਼ਾਹੀ ਅੰਦਰ,
ਕਹਿਣਾ ਹੱਕ ਤੇ ਹੱਕ ਟਟੋਲਣਾ ਬੰਦ।

ਜਾਂ

ਅ) ਮੈਂਡੀਏ ਸੋਹਣੀਏ ਪਿੰਡੀਏ,
ਤੈਂਡੀ ਯਾਦ ਸਦਾ ਤੜਪਾਸੀ।
ਜਿਥੇ ਵੈਸਾਂ ਉਠਸਾਂ ਬਹਿਸਾਂ,
ਮਨ ਨ ਕਦੇ ਭੁਲਾਸੀ।
ਚੁੱਪ ਧਾਰਨ ਦੇ ਰੋਸ ਵਜੋਂ ਅੱਜ,
ਅੰਗ ਅੰਗ ਮੈਂਡਾ ਬੋਲੇ;
ਕੰਨਾਂ ਦੇ ਘੇਰਿਆਂ ਵਿਚ ਫਿਰਦੇ,
ਮਿੱਠੇ ਮਾਹੀਏ, ਢੋਲੇ।

## ਭਾਗ ਤੀਸਰਾ

4. 'ਲਹੌਰ ਦੇ ਨਾਂ ਖ਼ਤ' ਕਵਿਤਾ ਦਾ ਵਿਸ਼ਾ-ਵਸਤੂ ਸਪਸ਼ਟ ਕਰੋ। (15)

ਜਾਂ

1966 ਤੋਂ 2000 ਤੱਕ ਦੀ ਵੰਡ ਦੀ ਕਵਿਤਾ ਬਾਰੇ ਵਿਸਤਾਰ ਸਹਿਤ ਲਿਖੋ।

5. 'ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਿਖੋ: (10)

ੳ) ਗੱਲ ਤਾਂ ਨਿੱਕੀ ਜਿਹੀ ਹੈ, ਮੈਂ ਹੀ ਭਾਵੁਕ ਹੋ ਗਿਆ ਹਾਂ
ਕਾਬਲੀ ਅੰਗੂਰ, ਲੰਘ ਕੇ ਆ ਗਿਆ ਹੈ ਵਾਹਗਿਓਂ
ਤੂੰ ਸੀ ਜਿਹੜੇ ਰਾਹ ਗਿਓਂ, ਬਹੁਤ ਖ਼ੁਸ਼ ਹੋਇਆ ਹਾਂ ਮੈਂ
ਅੱਖੀਆਂ ਵਿਚ ਆ ਗਏ ਨੇ ਅੱਥਰੂ, ਭਰ ਗਿਆ ਹੈ ਮੇਰੇ ਮੂੰਹ ਵਿਚ ਮਾਖਿਓਂ
ਗੱਲ ਤਾਂ ਨਿੱਕੀ ਜਹੀ ਹੈ, ਮੈਂ ਹੀ ਭਾਵੁਕ ਹੋ ਗਿਆ ਹਾਂ।

ਜਾਂ

ਅ) ਦਾਊਦ ਪਿੰਡ ਹੈ ਅਰਸ਼ ਦਾ ਇਕ ਟੁੱਕੜਾ, ਹਰ ਘਰ ਵਿਚ ਏਥੇ ਰੱਬ ਵੱਸੇ,
ਮੇਰੇ ਲਈ ਤਾਂ ਕਾਇਨਾਤ ਹੈ ਇਹ, ਖਲਕ ਰੱਬ ਦੀ ਏਥੇ ਸਭ ਵੱਸੇ।
ਰੱਤੀ ਮੰਗੇ ਮੁਰਾਦ ਇਹ ਰੱਬ ਕੋਲੋਂ, ਦਾਊਦ ਵੱਸੇ ਤੇ ਏਥੇ ਢੱਬ ਵੱਸੇ,
ਹੱਸ ਹੱਸ ਵੱਸੇ, ਰੱਜ-ਰੱਜ ਵੱਸੇ, ਵੱਜ ਗੱਜ ਵੱਸੇ, ਫਬ ਫਬ ਵੱਸੇ।

## ਭਾਗ ਚੌਥਾ

6. ਭੂਸ਼ਣ ਦੀ ਕਵਿਤਾ 'ਜਾਂਦੀ ਵਾਰ ਦਾ ਸੱਚ' ਦਾ ਆਲੋਚਨਾਤਮਕ ਅਧਿਐਨ ਕਰੋ। (15)

ਜਾਂ

2000 ਤੋਂ ਬਾਅਦ ਦੇਸ਼ ਵੰਡ ਦੀ ਕਵਿਤਾ ਦਾ ਕੇਂਦਰੀ ਭਾਵ ਬਿਆਨ ਕਰੋ।

7. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇਕ ਦੀ ਪਰ੍ਸੰਗ ਸਹਿੱਤ ਵਿਆਖਿਆ ਲਿਖੋ: (10)

ੳ) ਮਾਰਚ ਸੰਤਾਲ਼ੀ ਦਾ ਸਮਾਂ ਸੀ ਬੜਾ ਭਾਰਾ
ਥਾਂ ਥਾਂ ਭੜਕ ਉੱਠੀ ਅੱਗ ਦੰਗਿਆਂ ਦੀ।
ਅੰਨ੍ਹੇ ਵਿਚ ਜੁਨੂਨ ਦੇ ਕਈ ਹੋ ਕੇ
ਭੁੱਲ ਗਏ ਪਛਾਣ ਮੰਦੇ ਚੰਗਿਆਂ ਦੀ।
ਲੋਥਾਂ ਵਿਛ ਗਈਆਂ ਖ਼ੂਨ ਦੇ ਭਰੇ ਖੱਪਰ
ਮੱਤ ਮਾਰੀ ਗਈ ਨਫ਼ਰਤ ਦੇ ਡੰਗਿਆਂ ਦੀ।
ਬਿੰਦਰ ਸਿਆਂ ਪੂਰਬ ਦਾ ਵੀ ਮੱਚ ਉੱਠਿਆ
ਖ਼ਬਰ ਸੁਣ ਕੇ ਪੱਛਮ ਦੇ ਪੰਗਿਆਂ ਦੀ।

ਜਾਂ

ਅ) ਕਿਹੋ ਜਿਹੀ ਕੁਲੱਛਣੀ ਝੜੀ ਲੱਗੀ, ਕੋਠਾ ਕੋਠਾ ਪੰਜਾਬ ਦਾ ਚੋਣ ਲੱਗਾ।
ਭੈਣ ਹੀਰ ਨੂੰ, ਰਾਂਝੇ ਨੂੰ ਵੀਰ ਕਹਿ ਕੇ, ਪੂਰਨ ਸਿੰਘ ਗਲ ਲੱਗ ਕੇ ਰੋਣ ਲੱਗਾ।
ਸ਼ਿਵ ਕੁਮਾਰ ਤੇ ਵਾਰਿਸ ਦੇ ਮੋਤੀਆਂ ਨੂੰ, ਸ਼ੇਅਰਾਂ ਵਿਚ ਹੈ ਪਾਤਰ ਪਰੋਣ ਲੱਗਾ।
ਸ਼ਾਹ ਮੁਹੰਮਦਾ! ਵੇਖ ਲੈ ਫਿਰ ਮੁੜ ਕੇ, ਜੰਗ ਹਿੰਦ ਪੰਜਾਬ ਦਾ ਹੋਣ ਲੱਗਾ।